D:\C2\Document-18\Feb\Insp dated 06-02-18 (Moga).doc

**ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ,**
**ਪਲਾਟ ਨੰ:1-ਬੀ, ਸੈਕਟਰ-27 ਏ, ਚੰਡੀਗੜ੍ਹ ।**

ਵੱਲੋ

ਇੰਜੀਨੀਅਰ ਇੰਨ-ਚੀਫ-ਕਮ
ਟੈਕਨੀਕਲ ਐਡਵਾਈਜਰ

ਵੱਲ,

ਮੁੱਖ ਇੰਜੀਨੀਅਰ (ਸਾਊਥ),
ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ ਬੋਰਡ,
ਬਠਿੰਡਾ।

ਨੰ: ਪਵਸਸਬ-2018/ਕੁ.ਕੰ/ 2881 ਮਿਤੀ: 19/2/18

ਵਿਸ਼ਾ - **ਕੁਆਲਟੀ ਕੰਟਰੋਲ ਟੀਮ ਵਲੋਂ ਮਿਤੀ 06-02-18 ਨੂੰ ਮੋਗਾ ਮੰਡਲ ਦੇ ਕੰਮ ਚੈਕ ਕਰਨ ਸਬੰਧੀ।**

ਮੁੱਖ ਦਫਤਰ ਦੀ ਕੁਆਲਟੀ ਕੰਟਰੋਲ ਟੀਮ ਵਲੋਂ ਮਿਤੀ 06-2-18 ਨੂੰ ਮੋਗਾ ਦੇ ਕੰਮਾਂ ਦੀ ਇੰਸਪੈਕਸ਼ਨ ਕੀਤੀ ਗਈ। ਚੈਕਿੰਗ ਦੋਰਾਨ ਹੇਠ ਲਿਖੀਆ ਖਾਮੀਆਂ/ਤਰੁਟੀਆਂ ਪਾਈਆਂ ਗਈਆਂ:-

A) **Ext & Aug of W/S & Sew Sch, STP & MPS at Kotakpura**
**(Agency :- M/s Shapoorji Pallonji)**

1. ਕੋਟਕਪੁਰਾ ਵਿਖੇ ਵ/ਸ ਦਾ ਕੰਮ DNIT ਦੇ ਸਕੋਪ ਵਿਚ 9 ਕਿ.ਮੀ ਸੀ, ਜਿਸ ਵਿਚੋ 8.3 ਕਿ.ਮੀ ਵ/ਸ ਲੇ ਹੋ ਚੁੱਕੀ ਹੈ ਅਤੇ ਲਗੀ ਹੋਈ ਵ/ਸ ਵਿਚੋ 6.3 ਕਿ.ਮੀ ਕਮੀਸ਼ਨ ਕੀਤੀ ਜਾ ਚੁੱਕੀ ਹੈ, ਬਾਕੀ 2 ਕਿ.ਮੀ ਵ/ਸ ਪੈਂਡਿੰਗ ਗੈਪ ਅਤੇ ਸਬੰਧਤ ਅਪਰੂਵਲਾਂ ਨਾ ਮਿਲਣ ਕਰਕੇ ਪੈਂਡਿੰਗ ਹਨ।
2. ਕੋਟਕਪੁਰਾ ਵਿਖੇ ਹਾਊਸ ਕੁਨੈਕਸ਼ਨਾਂ ਦਾ ਕੰਮ ਬਹੁਤ ਘੱਟ ਹੋਇਆ ਹੈ। ਇਸ ਲਈ DNIT ਮੁਤਾਬਿਕ ਵੱਧ ਤੋਂ ਵੱਧ ਹਾਊਸ ਕੁਨੈਕਸ਼ਨ ਦਿੱਤੇ ਜਾਣੇ ਚਾਹੀਦੇ ਹਨ ਤਾਂ ਜੋ ਜਿਸ ਏਰੀਏ ਵਿਚ ਵ/ਸ ਅਤੇ ਸੀਵਰੇਜ਼ ਲੇ ਹੋ ਚੁੱਕਾ ਹੈ ਉਥੇ ਲੋਕਾਂ ਨੂੰ ਵ/ਸ ਅਤੇ ਸੀਵਰੇਜ਼ ਦੀ ਫੈਸੀਲਟੀ ਮੁਹਇਆ ਹੋ ਸਕੇ।

ਕੋਟਕਪੁਰਾ ਵਿਖੇ 8 MLD STP ਅਤੇ 6 MLD STP ਦਾ ਕੰਮ ਚਲ ਰਿਹਾ ਹੈ, ਇਸ ਲਈ soil conservatrion ਮਹਿਕਮੇ ਨਾਲ ਤਾਲਮੇਲ ਕੀਤਾ ਜਾਣਾ ਚਾਹੀਦਾ ਹੈ ਤਾਂ ਜੋ ਜਦੋਂ ਤੱਕ STP ਦਾ ਕੰਮ ਮੁਕੰਮਲ ਹੋਵੇ ਤਦੋਂ ਤੱਕ Soil conservation ਮਹਿਕਮੇ ਵਲੋ STP ਦੇ treated ਪਾਣੀ ਨੂੰ ਸਿਚਾਈ ਲਈ ਵਰਤਣ ਲਈ ਸਕੀਮ ਬਣਾਈ ਅਤੇ ਲਾਗੂ ਕਰਵਾਈ ਜਾ ਸਕੇ।

8 MLD STP ਦੇ ਨਾਲ ਬਣ ਰਹੇ MPS ਵਿਖੇ MPS ਦਾ ਮੋਕਾ ਵੇਖਿਆ ਗਿਆ, MPS ਦੀ PCC ਲੇ ਕੀਤੀ ਹੋਈ ਸੀ, ground water ਮੋਜੂਦ ਹੋਣ ਕਰਕੇ ਸਾਈਟ ਪਾਣੀ ਨਾਲ ਭਰੀ ਹੋਈ ਸੀ, ਮੋਕੇ ਤੇ ਇਕ Gen Set ਰਖਿਆ ਹੋਇਆ ਸੀ ਅਤੇ ਕੋਈ ਸਪੇਅਰ Gen Set ਨਹੀ ਸੀ। ਫੀਲਡ ਅਧਿਕਾਰੀਆਂ ਵਲੋ ਦਸੇ ਮੁਤਾਬਿਕ ਸਪੇਅਰ Gen Set ਨਾ ਹੋਣ ਦੀ ਵਜਾ ਤੋ ਅਤੇ ਚਲ ਰਹੇ Gen Set ਖਰਾਬ ਹੋਣ ਕਰਕੇ ਸਾਈਟ ਪਾਣੀ ਨਾਲ ਭਰ ਗਈ। ਇਸ ਲਈ ਕਾਸਟ ਕੀਤੀ ਹੋਈ PCC ਵੀ ਤੋੜ ਕੇ ਦੁਬਾਰਾ ਕੀਤੀ ਜਾਵੇ ਅਤੇ ਸਪੇਅਰ Gen Set ਵੀ ਅਰੇਂਜ ਕੀਤਾ ਜਾਵੇ।

MPS site ਤੇ ਕੰਕਰੀਟ ਲਿਆਉਣ ਲਈ Chute GI ਚੱਦਰਾਂ ਨੂੰ ਜਗਾ ਜਗਾ ਤੋਂ ਜੋੜ ਕੇ ਆਰਜੀ ਤੋਰ ਤੇ ਬਣਾਈ ਹੋਈ ਸੀ, ਜੋ ਕਿ ਇਸਦੀ ਥਾਂ ਤੇ ਪ੍ਰੋਪਰ ਅਰੇਂਜਮੈਂਟ ਕੀਤਾ ਜਾਣਾ ਚਾਹੀਦਾ ਹੈ।

8 MLD STP ਵਿਖੇ ਦੇਖਿਆ ਗਿਆ ਕਿ STP ਦਾ ਪਾਣੀ Treatment ਤੋ ਬਾਅਦ ਜਿਸ ਡਰੇਨ ਵਿਚ ਸੁਟਿਆ ਜਾਣਾ ਹੈ ਦਾ ਲੈਵਲ STP ਦੇ ਗਰਾਊਂਡ ਲੈਵਲ ਤੋ ਉਚਾ ਹੈ, ਇਸਦੇ ਨਾਲ-2 STP ਉਤੇ Treated effluent ਨੂੰ CC Tank ਵਿਚੋ ਬਾਹਰ ਕੱਢਣ ਲਈ ਪੰਪਿਗ ਰਾਂਹੀ ਵਿਵਸਥਾ ਕੀਤੀ ਗਈ ਹੈ, ਜੋ ਕਿ ਠੀਕ ਨਹੀ ਜਾਪਦੀ, ਕਿਉਕਿ ਜੇਕਰ ਪੰਪ ਬੰਦ ਹੋ ਜਾਵੇ ਤਾਂ STP ਦੀ efficiency ਤੇ effect ਪਵੇਗਾ ਅਤੇ ਇਸ ਨੂੰ ਚਲਾਉਣ ਤੇ

ਬਿਜਲੀ ਦਾ ਵਾਧੂ ਖਰਚਾ ਪਵੇਗਾ। ਇਸ ਲਈ ਇਸ STP ਦਾ hydraulic calculation ਚੈਕ ਕੀਤੀਆਂ ਜਾਣ ਅਤੇ ਇਸ ਬਾਰੇ ਸਥਿਤੀ ਸਪਸ਼ਟ ਕੀਤੀ ਜਾਵੇ।

ਇਸ ਕੰਮ ਦੀ DNIT ਦੀ vol-2 ਦੇ clause 1.1.2 (6) ਮੁਤਾਬਿਕ "Treated effluent system to discharge treated water upto the final disposal point including constriction of outfall structure & protection of drain" ਅਤੇ 1.1.3 (6) "effluent discharge arrangement Effluent channel / pipe upto receiving body" ਦਾ ਕੰਮ ਸਕੋਪ ਵਿਚ ਲਿਆ ਹੋਇਆ ਹੈ, ਜਿਸ ਨੂੰ ਮੌਕੇ ਤੇ ਕਰਵਾਇਆ ਜਾਵੇ ਅਤੇ ਇਸ ਬਾਬਤ ਅਪਣੇ ਕੁਮੈਂਟ ਦਿੱਤੇ ਜਾਣ।

ਇਸ ਕੰਮ ਦੀ DNIT ਦੀ vol-2 ਦੇ clause 1.1.4 (8) ਮੁਤਾਬਿਕ "By Pass arrangement from inlet chamber to common treated effluent chamber through RCC Pipe NP3 or channel" ਦਾ ਕੰਮ ਸਕੋਪ ਵਿਚ ਲਿਆ ਹੋਇਆ ਹੈ, ਜਿਸ ਨੂੰ ਮੌਕੇ ਤੇ ਕਰਵਾਇਆ ਜਾਵੇ ਅਤੇ ਇਸ ਬਾਬਤ ਅਪਣੇ ਕੁਮੈਂਟ ਦਿੱਤੇ ਜਾਣ।

8 MLD STP ਵਿਖੇ ਕਲੋਰੀਨ ਕੰਟੈਕਟ ਟੈਂਕ ਐਟ ਲੈਵਲ 209 ਚੈਕ ਕੀਤਾ ਗਿਆ, CCT tank ਦੀ reinforcement average spacing design ਮੁਤਾਬਿਕ ਠੀਕ ਸੀ ਪ੍ਰੰਤੂ reinforcement ਦੀ individual spacing IS Code ਮੁਤਾਬਿਕ ਠੀਕ ਨਹੀ ਸੀ ਅਤੇ ਇਸਦੇ ਨਾਲ reinforcement ਦਾ ਕਵਰ ਜੋ ਕਿ design ਮੁਤਾਬਿਕ 45 mm ਹੋਣਾ ਚਾਹੀਦਾ ਹੈ,ਜਿਆਦਾਤਰ ਹਿਸਿਆ ਵਿਚ ਤਕਰੀਬਨ 60mm ਸੀ।

8 MLD STP ਵਿਖੇ ਕਲੋਰੀਨ ਕੰਟੈਕਟ ਟੈਂਕ ਦੀ ਕੰਕਰੀਟਿੰਗ ਲਈ reinforcement ਬਨੀ ਹੋਈ ਸੀ ਅਤੇ ਸ਼ਟਰਿੰਗ ਵੀ ਕੀਤੀ ਹੋਈ ਸੀ, ਪ੍ਰੰਤੂ reinforcement ਨੂੰ ਕਵਰ ਦੇਣ ਲਈ ਕਵਰ ਬਲੋਕ 45mm ਦੀ ਥਾਂ ਤੇ 25mm ਦੇ ਕਵਰ ਬਲੋਕ ਲਗਾਏ ਹੋਏ ਸੀ।

6 MLD STP ਵਿਖੇ SBR ਟੈਂਕ ਦੀ reinforcement ਦੀ average spacing design ਮੁਤਾਬਿਕ ਠੀਕ ਸੀ ਪ੍ਰੰਤੂ reinforcement ਦੀ individual spacing IS Code ਮੁਤਾਬਿਕ ਠੀਕ ਨਹੀ ਸੀ ਅਤੇ ਇਸਦੇ ਨਾਲ reinforcement ਦਾ ਕਵਰ ਜੋ ਕਿ design ਮੁਤਾਬਿਕ 45 mm ਹੋਣਾ ਚਾਹੀਦਾ ਹੈ,ਜਿਆਦਾਤਰ ਹਿਸਿਆ ਵਿਚ ਤਕਰੀਬਨ 60mm ਸੀ।

ਸਾਈਟ ਤੇ ਕੰਕਰੀਟੀਂਗ ਲਈ weight batch ਮਿਕਸਰ ਵਰਤਿਆ ਜਾ ਰਿਹਾ ਸੀ, ਜਦੋ ਕਿ ਕੋਟਕਪੁਰਾ ਵਿਖੇ Mass concreting ਲਈ ਅਤੇ ਕੰਕਰੀਟਿੰਗ ਲਈ ਕੁਆਲਟੀ ensure ਕਰਨ ਲਈ ਬੈਚਿੰਗ ਪਲਾਂਟ ਸੈਟਅਪ ਕਰਨਾ ਚਾਹੀਦਾ ਹੈ।

6 MLD STP ਵਿਖੇ CC Tank ਦਾ outlet level 204.73 ਮੀਟਰ ਹੈ, ਜਦੋ ਕਿ STP ਦਾ Average Ground level 205.135 ਹੈ ਅਤੇ FGL 206.335 ਹੈ। ਜਿਸਤੋ ਭਾਵ ਇਹ ਹੈ ਕਿ CC Tank ਦਾ Water level STP ਸਾਈਟ ਦੇ FGL 205.135 ਅਤੇ Average Ground level ਤੋ ਘੱਟ ਹੈ, ਇਸ ਲਈ ਇਸ STP ਦਾ hydraulic calculation ਚੈਕ ਕੀਤੀਆਂ ਜਾਣ ਅਤੇ ਸੁਨੀਸ਼ਚਿਤ ਕੀਤਾ ਜਾਵੇ ਕਿ STP ਦਾ treated water through gravity ਬਾਹਰ ਨਿਕਲ ਸਕੇ।

6 MLD STP ਵਿਖੇ ਐਡਮਨ ਬਿਲਡਿੰਗ ਦੇ ਕਾਲਮਾਂ ਦੀ reinforcement ਚੈਕ ਕੀਤੀ ਗਈ, ਜੋ ਕਿ ਠੀਕ ਪਾਈ ਗਈ, ਪ੍ਰੰਤੂ ਇਨਾਂ ਕਾਲਮਾਂ ਦੀ ties ਦੀ ਸਪੇਸਿੰਗ ਡਕਟਿਲਟੀ ਕੋਡ IS 13920 ਮੁਤਾਬਿਕ ਨਹੀ ਸੀ ਅਤੇ ਕਾਲਮਾਂ ਨੂੰ ਪ੍ਰੋਵਾਇਡ ਕੀਤਾ ਗਿਆ ਕਵਰ ਜੋ ਕਿ ਡਿਜਾਇਨ ਮੁਤਾਬਿਕ 40mm ਹੋਣਾ ਚਾਹੀਦਾ ਸੀ। actual ਵਿਚ 60mm ਹੈ।

6 MLD STP ਵਿਖੇ ਮੋਜੂਦਾ ਲੈਂਡ ਹੈ, ਜੋ ਕਿ ਭਵਿਖ ਵਿਚ Extension ਲਈ ਕੰਮ ਆ ਸਕਦੀ ਹੈ, ਇਸ ਨੂੰ ਮੁਖ ਰਖਦੇ ਹੋਏ ਬਣਨ ਵਾਲੇ ਸਟਾਫ ਕੁਆਟਰਾਂ ਦੀ present ਲੋਕੇਸ਼ਨ ਜੋ ਕਿ ਡਰਾਇੰਗ ਵਿਚ ਦਰਸ਼ਾਈ ਗਈ ਹੈ, ਲੈਂਡ use ਦੇ ਹਿਸਾਬ ਨਾਲ ਬਦਲੀ ਜਾਵੇ।

ਫੀਲਡ ਸਟਾਫ ਵਲੋ ਦਸੇ ਮੁਤਾਬਿਕ ਮੋਜੂਦਾ STP ਦਾ ਕੰਮ ਚਲ ਰਿਹਾ ਸੀ ਅਤੇ ਮੇਨ ਸੀਵਰ ਅਤੇ ਪਾਈਪ ਸੀਵਰ ਦਾ ਕੰਮ ਬੰਦ ਸੀ ਜੋ ਕਿ ਤੁਰੰਤ ਸ਼ੁਰੂ ਕਰਵਾਇਆ ਜਾਣਾ ਚਾਹੀਦਾ ਹੈ, ਤਾਂ ਜੋ ਕਿ ਸੀਵਰ ਦੇ ਨੈਟਵਰਕ ਨੂੰ STP ਨਾਲ ਜੋੜਿਆ ਜਾ ਸਕੇ।

ਕੰਮ ਦੀ ਪ੍ਰਗਤੀ ਬਹੁਤ ਧੀਮੀ ਹੈ, ਇਸਨੂੰ ਵਧਾਇਆ ਜਾਵੇ ਤਾਂ ਜੋ ਕੰਮ ਸਮੇ ਸਿਰ ਮੁਕੰਮਲ ਹੋ ਸਕੇ। ਜੇਕਰ ਫਰਮ ਕੰਮ ਸਮੇ ਸਿਰ ਮੁਕੰਮਲ ਨਹੀ ਕਰਦੀ ਤਾਂ ਐਗਰੀਮੈਂਟ ਦੀਆਂ ਧਾਰਾਵਾਂ ਮੁਤਾਬਿਕ ਕਾਰਵਾਈ ਕੀਤੀ ਜਾਵੇ।

**Ext & Aug of W/S & Sew Sch, STP & MPS at Jaitu**

**(Agency :- M/s Shapoorji Pallonji)**

6 MLD STP ਵਿਖੇ CC Tank ਦਾ outlet level 209.60 ਮੀਟਰ ਹੈ, ਜਦੋਂ ਕਿ ਇਹ ਪਾਣੀ ਜਿਸ ਵਰਟੀਕਲ ਸ਼ਾਫਟ ਵਿਚ ਸੁਟਿਆ ਜਾਣਾ ਹੈ, ਉਹ CC tank TWL ਤੋ ਉਚੀ ਹੈ ਅਤੇ STP ਦਾ FGL 209.60 ਹੈ, ਜਿਸਤੋ ਭਾਵ ਇਹ ਹੈ ਕਿ CC Tank ਦਾ Water level STP ਸਾਈਟ ਦੇ FGL 209.60 ਦੇ ਬਰਾਬਰ ਹੈ, ਇਸ ਲਈ ਇਸ STP ਦਾ hydraulic calculation ਚੈਕ ਕੀਤੀਆਂ ਜਾਣ ਅਤੇ ਸੁਨੀਸ਼ਚਿਤ ਕੀਤਾ ਜਾਵੇ ਕਿ STP ਦਾ treated water existing gravity main ਰਾਂਹੀ ਡਰੇਨ ਤੱਕ ਪਹੁੰਚ ਸਕੇ, ਜੇਕਰ ਇਹ ਸੰਭਵ ਨਹੀ ਤਾਂ ਅਗਰੀਮੈਂਟ ਦੀ ਕੰਡੀਸ਼ਨ ਮੁਤਾਬਿਕ ਟਰੀਟਡ effluent ਨੂੰ ਡਰੇਨ ਤੱਕ ਪਹੁੰਚਾਣ ਦੀ ਵਿਵਸਥਾ ਕੀਤੀ ਜਾਵੇ।

ਸਾਈਟ ਤੇ ਕੰਕਰੀਟੀਂਗ ਲਈ weight batch ਮਿਕਸਰ ਵਰਤਿਆ ਜਾ ਰਿਹਾ ਸੀ, ਜਦੋ ਕਿ ਜੈਤੋ ਵਿਖੇ Mass concreting ਲਈ ਅਤੇ ਕੰਕਰੀਟਿੰਗ ਲਈ ਕੁਆਲਟੀ ensure ਕਰਨ ਲਈ ਬੈਚਿੰਗ ਪਲਾਂਟ ਸੈਟਅਪ ਕਰਨਾ ਚਾਹੀਦਾ ਹੈ।

ਫੀਲਡ ਸਟਾਫ ਵਲੋ ਦਸੇ ਮੁਤਾਬਿਕ ਮੋਜੂਦਾ STP ਦਾ ਕੰਮ ਚਲ ਰਿਹਾ ਸੀ ਅਤੇ ਮੇਨ ਸੀਵਰ ਅਤੇ ਪਾਈਪ ਸੀਵਰ ਦਾ ਕੰਮ ਬੰਦ ਸੀ ਜੋ ਕਿ ਤੁਰੰਤ ਸ਼ੁਰੂ ਕਰਵਾਇਆ ਜਾਣਾ ਚਾਹੀਦਾ ਹੈ, ਤਾਂ ਜੋ ਕਿ ਸੀਵਰ ਦੇ ਨੈਟਵਰਕ ਨੂੰ STP ਨਾਲ ਜੋੜਿਆ ਜਾ ਸਕੇ।

ਕੰਮ ਦੀ ਪ੍ਰਗਤੀ ਬਹੁਤ ਧੀਮੀ ਹੈ, ਇਸਨੂੰ ਵਧਾਇਆ ਜਾਵੇ ਤਾਂ ਜੋ ਕੰਮ ਸਮੇ ਸਿਰ ਮੁਕੰਮਲ ਹੋ ਸਕੇ। ਜੇਕਰ ਫਰਮ ਕੰਮ ਸਮੇ ਸਿਰ ਮੁਕੰਮਲ ਨਹੀ ਕਰਦੀ ਤਾਂ ਐਗਰੀਮੈਂਟ ਦੀਆਂ ਧਾਰਾਵਾਂ ਮੁਤਾਬਿਕ ਕਾਰਵਾਈ ਕੀਤੀ ਜਾਵੇ।

ਸਾਈਟ ਉਤੇ ਵਰਤੇ ਜਾ ਰਹੇ ਸਟੀਲ ਉਤੇ ਸੀਮਿੰਟ ਦੀ ਕੋਟਿੰਗ ਕੀਤੀ ਹੋਈ ਸੀ, ਜਦੋ ਕਿ IS Code ਮੁਤਾਬਿਕ ਵਰਤੇ ਜਾਣ ਵਾਲੇ ਸਟੀਲ ਉਤੇ ਕਿਸੇ ਤਰਾ ਦੀ ਕੋਟਿੰਗ ਨਹੀ ਹੋਣੀ ਚਾਹੀਦੀ ਹੈ।

ਇਸ ਕੰਮ ਦੀ DNIT ਦੀ vol-2 ਦੇ clause 1.1.2 (6) ਮੁਤਾਬਿਕ "Treated effluent system to discharge treated water upto the final disposal point including constriction of outfall structure & protection of drain" ਅਤੇ 1.1.3 (6) "effluent discharge arrangement Effluent channel / pipe upto receiving body" ਦਾ ਕੰਮ ਸਕੋਪ ਵਿਚ ਲਿਆ ਹੋਇਆ ਹੈ, ਜਿਸ ਨੂੰ ਮੋਕੇ ਤੇ ਕਰਵਾਇਆ ਜਾਵੇ ਅਤੇ ਇਸ ਬਾਬਤ ਅਪਣੇ ਕੁਮੈਂਟ ਦਿੱਤੇ ਜਾਣ।

ਇਸ ਕੰਮ ਦੀ DNIT ਦੀ vol-2 ਦੇ clause 1.1.4 (8) ਮੁਤਾਬਿਕ "By Pass arrangement from inlet chamber to common treated effluent chamber through RCC Pipe NP3 or channel" ਦਾ ਕੰਮ ਸਕੋਪ ਵਿਚ ਲਿਆ ਹੋਇਆ ਹੈ, ਜਿਸ ਨੂੰ ਮੋਕੇ ਤੇ ਕਰਵਾਇਆ ਜਾਵੇ ਅਤੇ ਇਸ ਬਾਬਤ ਅਪਣੇ ਕੁਮੈਂਟ ਦਿੱਤੇ ਜਾਣ।

ਉਪਰੋਕਤ ਨੁਕਤਿਆਂ ਦਾ ਨੁਕਤੇਵਾਈਜ ਰਿਪੋਰਟ ਜਲਦ ਤੋ ਜਲਦ ਇਸ ਦਫਤਰ ਨੂੰ ਭੇਜੀ ਜਾਵੇ ਜੀ।

ਨਿਗਰਾਨ ਇੰਜੀਨੀਅਰ (ਕੁ: ਕੰ)
ਵਾਸਤੇ ਇੰਜੀਨੀਅਰ ਇੰਨ-ਚੀਫ-ਕਮ
ਟੈਕਨੀਕਲ ਐਡਵਾਈਜ਼ਰ

ਪਿੱਠ ਅੰਕਣ ਨੰ 2887-88 ਮਿਤੀ 19/2/18

ਉਪਰੋਕਤ ਦੀ ਕਾਪੀ ਨਿਗਰਾਨ ਇੰਜੀਨੀਅਰ, ਹਲਕਾ ਬਠਿੰਡਾ ਅਤੇ ਕਾਰਜਕਾਰੀ ਇੰਜੀਨੀਅਰ, ਪੰਜਾਬ ਜਲ ਅਤੇ ਸੀਵਰੇਜ਼ ਮੰਡਲ ਮੋਗਾ ਨੂੰ ਸੂਚਨਾਂ ਅਤੇ ਅਗਲੀ ਕਾਰਵਾਈ ਹਿੱਤ ਭੇਜੀ ਜਾਂਦੀ ਹੈ ਜੀ।

ਨਿਗਰਾਨ ਇੰਜੀਨੀਅਰ (ਕੁ: ਕੰ)
ਵਾਸਤੇ ਇੰਜੀਨੀਅਰ ਇੰਨ-ਚੀਫ-ਕਮ
ਟੈਕਨੀਕਲ ਐਡਵਾਈਜ਼ਰ